ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ
ਵਣ ਭਵਨ, ਸੈਕਟਰ 68, ਐੱਸ.ਏ.ਐੱਸ. ਨਗਰ

ਜਨਤਕ ਸੂਚਨਾ

ਅਧੀਨ ਸੇਵਾਵਾਂ ਚੋਣ ਬੋਰਡ ਵੱਲੋਂ ਇਸ਼ਤਿਹਾਰ ਨੰ 12/2026 ਰਾਹੀਂ ਗਰੁੱਪ ਸੀ ਦੀਆਂ ਡਰਾਈਵਰ, ਕਲਰਕ (ਲੀਗਲ), ਕਲਰਕ (ਅਕਾਉਂਟਸ), ਕਲਰਕ (ਆਈ.ਟੀ.), ਟਰਾਂਸਲੇਟਰ, ਫੀਲਡ ਆਰਟਿਸਟ ਦੀਆਂ ਆਸਾਮੀਆਂ ਪ੍ਰਕਾਸ਼ਿਤ ਕੀਤੀਆਂ ਗਈਆਂ ਸਨ । ਇਨ੍ਹਾਂ ਆਸਾਮੀਆਂ ਲਈ ਅਪਲਾਈ ਕਰਨ ਵਾਲੇ ਉਮੀਦਵਾਰਾਂ ਦੀ ਸਹੂਲਤ ਲਈ Online Application ਵਿੱਚ ਸੋਧ ਕਰਨ ਲਈ ਮਿਤੀ **02.11.2026** ਨੂੰ web portal open ਕੀਤਾ ਜਾ ਰਿਹਾ ਹੈ। ਜੇਕਰ ਕੋਈ ਉਮੀਦਵਾਰ Online Application ਵਿੱਚ ਆਪਣੇ **ਨਾਮ, ਪਿਤਾ ਦਾ ਨਾਮ , ਜਨਮ ਦੀ ਮਿਤੀ , ਲਿੰਗ ਅਤੇ ਕੈਟਾਗਰੀ** ਵਿੱਚ ਸੋਧ ਕਰਨੀ ਚਾਹੁੰਦਾ ਹੈ ਤਾਂ ਉਹ ਬੋਰਡ ਦੀ ਵੈੱਬਸਾਈਟ https://sssb.punjab.gov.in 'ਤੇ **ਮਿਤੀ 02.11.2026 ਤੋਂ ਮਿਤੀ 04.11.2026** ਤੱਕ ਇਹ ਸੋਧ ਕਰ ਸਕਦਾ ਹੈ।

(ii) ਜੇਕਰ ਕਿਸੇ ਉਮੀਦਵਾਰ ਦੇ ਕੈਟਾਗਰੀ ਵਿੱਚ ਸੋਧ ਕਰਨ ਤੇ ਪ੍ਰਾਪਤ ਫੀਸ ਦੀ ਰਕਮ ਵਿੱਚ ਵਾਧਾ ਹੁੰਦਾ ਹੈ ਤਾਂ ਉਹ ਉਮੀਦਵਾਰ ਇਸ ਫੀਸ ਦੇ ਅੰਤਰ ਦੀ ਰਕਮ ਨੂੰ **online** ਹੀ ਅਦਾ ਕਰੇਗਾ।

(iii) ਜਿਹੜੇ ਉਮੀਦਵਾਰ ਆਪਣੇ Application Form ਵਿੱਚ ਸੋਧ ਕਰਨਗੇ, ਉਨ੍ਹਾਂ ਦਾ ਸੋਧਿਆ ਹੋਇਆ **Updated Form ਹੀ ਅੰਤਿਮ ਮੰਨਿਆ ਜਾਵੇਗਾ** । ਇਸ ਲਈ ਉਮੀਦਵਾਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਕਿਸੇ ਵੀ ਤਰ੍ਹਾਂ ਦੀ ਸੋਧ ਨੂੰ ਧਿਆਨਪੂਰਵਕ ਕੀਤਾ ਜਾਵੇ।

-ਸਹੀ-
ਸਕੱਤਰ
ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ

ਮਿਤੀ: 02.11.2026